# ਪਹਿਲੀ ਬਾਰ ਪ੍ਰਾਪਰਟੀ ਲਈ ਅਪਲਾਈ ਕਰਨਾ ਜਾਂ ਇਕ ਪ੍ਰਾਪਰਟੀ ਤੋਂ ਦੂਜੀ ਪ੍ਰਾਪਰਟੀ ਵਿਚ ਬਦਲੀ ਕਰਨਾ

How to apply for a property for the first time or move
from one property to another - Panjabi

## ਜਾਣ-ਪਛਾਣ

ਇਸ ਕਿਤਾਬਚੇ ਵਿਚ ਦੱਸਿਆ ਗਿਆ ਹੈ ਕਿ ਜੇਕਰ ਤੁਸੀਂ ਪਹਿਲੀ ਬਾਰ ਹਾਊਸਿੰਗ (ਰਿਹਾਇਸ਼) ਲਈ ਅਪਲਾਈ ਕਰਦੇ ਹੋ, ਤਾਂ ਕੀ ਕਰਨਾ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਜੇਕਰ ਤੁਸੀਂ ਪਹਿਲਾਂ ਹੀ ਕੌਂਸਲ ਜਾਂ ਹਾਊਸਿੰਗ ਐਸੋਸੀਏਸ਼ਨ ਦੇ ਘਰ ਵਿਚ ਰਹਿੰਦੇ ਹੋ ਅਤੇ ਇਥੋ ਬਦਲੀ ਕਰਨੀ ਚਾਹੁੰਦੇ ਹੋ, ਤਾਂ ਕੀ ਕਰਨਾ ਹੈ। ਸਾਨੂੰ ਆਸ ਹੈ ਕਿ ਇਸ ਕਿਤਾਬਚੇ ਵਿਚ ਦਿੱਤੀ ਜਾਣਕਾਰੀ ਨਾਲ ਤੁਸੀਂ ਜਲਦੀ ਤੋਂ ਜਲਦੀ ਆਪਣੀ ਲੋੜ ਮੁਤਾਬਿਕ ਦੇ ਘਰ ਵਿਚ ਬਦਲੀ ਕਰ ਸਕੋਗੇ।

## ਇਸ ਕਿਤਾਬਚੇ ਨੂੰ ਕਿਵੇਂ ਵਰਤਣਾ ਹੈ

ਕ੍ਰਿਪਾ ਕਰਕੇ ਇਸ ਕਿਤਾਬਚੇ ਨੂੰ ਆਮ ਹਿਦਾਇਤ ਵਜੋਂ ਵਰਤੋ ਕਿ ਘਰ ਲਈ ਕਿਵੇਂ ਅਪਲਾਈ ਕਰਨਾ ਹੈ। ਤੁਸੀਂ ਹੰਸਲੋ ਹੋਮਜ਼ ਦੇ ਨੰਬਰ 'ਤੇ ਫ਼ੋਨ ਕਰਕੇ ਆਪਣੇ ਇਲਾਕੇ ਦੇ ਹਾਊਸਿੰਗ ਆਫ਼ਿਸ ਤੋਂ ਹੋਰ ਜਾਣਕਾਰੀ ਲੈ ਸਕਦੇ ਹੋ ਜਾਂ ਵੈੱਬ-ਸਾਈਟ ਦੇ ਇਸ ਪਤੇ ਤੋਂ ਜਾਣਕਾਰੀ ਲੈ ਸਕਦੇ ਹੋ: **www.hounslowhomes.org.uk**

## ਲੰਡਨ ਬਾਰੋ ਆਫ਼ ਹੰਸਲੋ/ਹੰਸਲੋ ਹੋਮਜ਼ ਦੇ ਕੰਮ

ਹੰਸਲੋ ਹੋਮਜ਼ ਸੰਨ 2002 ਵਿਚ ਇਸ ਦੇਸ਼ ਦੀ 'ਆਰਮਜ਼ ਲੈਂਥ ਮੈਨੇਜਮੈਂਟ' ਦੀ ਇਕ ਪਹਿਲੀ ਜੱਥੇਬੰਦੀ ਦੇ ਤੌਰ 'ਤੇ ਸਥਾਪਤ ਹੋਈ ਸੀ। ਹੰਸਲੋ ਹੋਮਜ਼ ਦੀ ਮਾਲਕੀ ਲੰਡਨ ਬਾਰੋ ਆਫ਼ ਹੰਸਲੋ ਕੋਲ ਹੈ ਅਤੇ ਇਹ ਕੌਂਸਲ ਦੇ ਘਰਾਂ ਦਾ ਪ੍ਰਬੰਧ ਕਰਦੀ ਹੈ।

*ਇਸ ਕਿਤਾਬਚੇ ਵਿਚ ਦਿੱਤੇ ਗਏ ਸਾਰੇ ਫ਼ਾਰਮ ਹੰਸਲੋ ਹੋਮਜ਼ ਦੇ ਵੈੱਬ-ਸਾਈਟ ਤੋ ਲਏ ਜਾ ਸਕਦੇ ਹਨ: www.hounslowhomes.org.uk*

*ਲੰਡਨ ਬਾਰੋ ਆਫ਼ ਹੰਸਲੋ, ਹੰਸਲੋ ਵਿਚ ਕੌਂਸਲ ਦੇ ਸਾਰੇ ਘਰਾਂ ਦੀ ਮਾਲਕ ਹੈ ਅਤੇ ਇਹ ਘਰਾਂ ਨੂੰ ਮਿੱਥਣ ਦਾ ਪ੍ਰਬੰਧ ਕਰਦੀ ਹੈ। ਪਰ ਰੋਜ਼ਾਨਾ ਪ੍ਰਬੰਧ ਅਤੇ ਪ੍ਰਸ਼ਾਸਨ ਹੰਸਲੋ ਹੋਮਜ਼ ਦੁਆਰਾ ਕੀਤਾ ਜਾਂਦਾ ਹੈ ਅਤੇ ਇਸ ਕੰਪਨੀ ਦੀ ਮਾਲਕ ਕੌਂਸਲ ਹੈ।*

## ਤੁਹਾਨੂੰ ਕੀ ਕਰਨ ਦੀ ਲੋੜ ਹੈ

*ਅਰਜ਼ੀ-ਫ਼ਾਰਮ*

ਜੇਕਰ ਤੁਸੀਂ ਘਰ ਬਦਲਣਾ ਹੈ ਤਾਂ ਤੁਹਾਨੂੰ ਅਰਜ਼ੀ-ਫ਼ਾਰਮ ਭਰਨਾ ਪਵੇਗਾ।

## ਇਕ ਪ੍ਰਾਪਰਟੀ ਤੋਂ ਦੂਜੀ ਪ੍ਰਾਪਰਟੀ ਵਿਚ ਬਦਲੀ ਕਰਨੀ

ਜੇਕਰ ਤੁਸੀਂ ਕੌਂਸਲ ਦੇ ਕਿਰਾਏਦਾਰ ਹੋ, ਤਾਂ ਤੁਹਾਨੂੰ ਹੰਸਲੋ ਹੋਮਜ਼ ਦਾ ਹਾਊਸਿੰਗ ਟ੍ਰਾਂਸਫ਼ਰ ਫ਼ਾਰਮ ਭਰਨਾ ਪਵੇਗਾ। ਤੁਸੀਂ ਆਪਣੇ ਇਲਾਕੇ ਦੇ ਹਾਊਸਿੰਗ ਆਫ਼ਿਸ ਤੋ ਇਕ ਫ਼ਾਰਮ ਲੈ ਸਕਦੇ ਹੋ ਜਾਂ ਆਮ ਪੁੱਛ-ਪੜਤਾਲ ਕਰਨ ਵਾਲੇ ਨੰਬਰ 'ਤੇ

ਫ਼ੋਨ ਕਰਕੇ ਫ਼ਾਰਮ ਮੰਗਵਾ ਸਕਦੇ ਹੋ। ਸਾਨੂੰ ਫ਼ੋਨ ਕਰਨ ਤੋਂ ਬਾਅਦ ਤੁਹਾਨੂੰ ਦੋ ਦਿਨਾਂ ਦੇ ਅੰਦਰ ਅੰਦਰ ਫ਼ਾਰਮ ਮਿਲ ਜਾਏਗਾ।

ਟ੍ਰਾਂਸਫ਼ਰ ਫ਼ਾਰਮ ਭਰ ਕੇ ਤੁਸੀਂ ਆਪਣੇ ਇਲਾਕੇ ਦੇ ਲਾਗਲੇ ਹੰਸਲੋ ਹੋਮਜ਼ ਦੇ ਹਾਊਸਿੰਗ ਆਫ਼ਿਸ ਵਿਚ ਦੇ ਸਕਦੇ ਹੋ, ਜਿਨ੍ਹਾਂ ਦੇ ਸਿਰਨਾਮੇ ਪਿੱਛਲੇ ਸਫ਼ੇ 'ਤੇ ਦਿੱਤੇ ਗਏ ਹਨ। ਤੁਸੀਂ ਵੈੱਬ-ਸਾਈਟ ਦੇ ਇਸ ਪਤੇ ਤੋਂ ਫ਼ਾਰਮ ਮੰਗਵਾ ਸਕਦੇ ਹੋ: **www.hounslowhomes.org.uk** ਇਹ ਫ਼ਾਰਮ ਤੁਹਾਨੂੰ ਦਸਤਖ਼ਤ ਕਰਕੇ ਆਪਣੇ ਇਲਾਕੇ ਦੇ ਹੰਸਲੋ ਹੋਮਜ਼ ਦੇ ਹਾਊਸਿੰਗ ਆਫ਼ਿਸ ਵਿਚ ਦੇਣਾ ਪਵੇਗਾ।

## ਪਹਿਲੀ ਬਾਰ ਪ੍ਰਾਪਰਟੀ ਲਈ ਅਪਲਾਈ ਕਰਨਾ

*ਪ੍ਰਾਈਵੇਟ ਸੈਕਟਰ ਦੀਆਂ ਅਰਜ਼ੀਆਂ*

ਜੇਕਰ ਤੁਸੀਂ ਕੋਈ ਪ੍ਰਾਈਵੇਟ ਪ੍ਰਾਪਰਟੀ ਕਿਰਾਏ 'ਤੇ ਲਈ ਹੋਈ ਹੈ, ਜਾਂ ਤੁਸੀਂ ਆਪਣੇ ਮਾਪਿਆਂ ਜਾਂ ਰਿਸ਼ਤੇਦਾਰਾਂ ਨਾਲ ਰਹਿੰਦੇ ਹੋ (ਭਾਵੇਂ ਉਹ ਆਪ ਕੌਂਸਲ ਦੇ ਕਿਰਾਏਦਾਰ ਹੋਣ) ਤਾਂ ਤੁਹਾਨੂੰ ਅਰਜ਼ੀ-ਪੱਤਰ ਭਰਨ ਦੀ ਲੋੜ ਪਵੇਗੀ। ਕੌਂਸਲ ਦਾ 'ਰੀ-ਹਾਊਸਿੰਗ ਯੂਨਿਟ' ਪ੍ਰਾਈਵੇਟ ਸੈਕਟਰ ਦੇ ਫ਼ਾਰਮਾਂ ਨਾਲ ਨਿਜਿੱਠਦਾ ਹੈ। ਫ਼ਾਰਮ ਲੈਣ ਲਈ ਕ੍ਰਿਪਾ ਕਰਕੇ ਕੌਂਸਲ ਦੇ ਰੀ-ਹਾਊਸਿੰਗ ਯੂਨਿਟ ਨੂੰ ਇਸ ਨੰਬਰ 'ਤੇ ਫ਼ੋਨ ਕਰੋ: 020 8583 3814

*ਹਾਊਸਿੰਗ ਐਸੋਸੀਏਸ਼ਨ ਦੇ ਕਿਰਾਏਦਾਰ*

ਜੇਕਰ ਤੁਸੀਂ ਹਾਊਸਿੰਗ ਐਸੋਸੀਏਸ਼ਨ, ਕੋ-ਅੱਪ ਜਾਂ ਟਰੱਸਟ ਤੋਂ ਆਪਣਾ ਘਰ ਕਿਰਾਏ 'ਤੇ ਲੈਂਦੇ ਹੋ, ਤਾਂ ਤੁਹਾਨੂੰ ਅਰਜ਼ੀ-ਪੱਤਰ ਭਰਨਾ ਪਵੇਗਾ। ਹਾਊਸਿੰਗ ਐਸੋਸੀਏਸ਼ਨ ਦੇ ਫ਼ਾਰਮ ਵੀ ਹੰਸਲੋ ਕੌਂਸਲ ਦੇ ਰੀ-ਹਾਊਸਿੰਗ ਯੂਨਿਟ ਤੋਂ ਮਿਲ ਸਕਦੇ ਹਨ।

ਕ੍ਰਿਪਾ ਕਰਕੇ ਫ਼ਾਰਮ ਅੱਛੀ ਤਰ੍ਹਾਂ ਭਰ ਕੇ ਡਾਕ ਰਾਹੀਂ ਭੇਜੋ, ਜਾਂ ਆਪ ਜਾ ਕੇ ਦਿਓ।

ਕੌਂਸਲ ਦੇ ਘਰਾਂ ਲਈ ਨਵੇਂ ਅਰਜ਼ੀ-ਫ਼ਾਰਮ ਰੀ-ਹਾਊਸਿੰਗ ਯੂਨਿਟ ਨੂੰ ਇਸ ਪਤੇ 'ਤੇ ਭੇਜੇ ਜਾ ਸਕਦੇ ਹਨ:
Re-housing Unit, Civic Centre, Lampton Road, Hounslow TW3 4DN

## ਫ਼ਾਰਮ ਭਰਨੇ

ਫ਼ਾਰਮ 'ਤੇ ਦਿੱਤੇ ਸਾਰੇ ਸਵਾਲਾਂ ਦੇ ਜਵਾਬ ਦੇਣੇ ਜ਼ਰੂਰੀ ਹਨ। ਤੁਹਾਡੇ ਹਾਲਾਤ ਦਾ ਪੂਰੀ ਤਰ੍ਹਾਂ ਜਾਇਜ਼ਾ ਲਗਾਉਣ ਲਈ ਅਤੇ ਤੁਹਾਨੂੰ ਸਹੀ ਬੈਂਡ ਵਿਚ ਰੱਖਣ ਲਈ ਸਾਨੂੰ ਤੁਹਾਡੇ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੀ ਲੋੜ ਹੈ। ਤੁਹਾਡੀ ਮਦਦ ਲਈ ਫ਼ਾਰਮ 'ਤੇ ਹਿਦਾਇਤਾਂ ਦਿੱਤੀਆਂ ਗਈਆਂ ਹਨ।

ਜੇਕਰ ਤੁਹਾਨੂੰ ਫ਼ਾਰਮ ਭਰਨ ਵਿਚ ਕੋਈ ਮੁਸ਼ਕਲ ਆਉਂਦੀ ਹੈ, ਤਾਂ ਕ੍ਰਿਪਾ ਕਰਕੇ ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਫ਼ੋਨ 'ਤੇ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰਾਂਗੇ।

ਜੇਕਰ ਅਸੀਂ ਫ਼ੋਨ 'ਤੇ ਤੁਹਾਡੀ ਮਦਦ ਨਾ ਕਰ ਸਕੀਏ, ਤਾਂ ਅਸੀਂ ਤੁਹਾਨੂੰ ਦਫ਼ਤਰ ਵਿਚ ਆਉਣ ਲਈ ਕਹਾਂਗੇ। ਕਈ ਬਾਰ ਅਸੀਂ ਤੁਹਾਨੂੰ ਤੁਹਾਡੇ ਘਰ ਆ ਕੇ ਵੀ ਮਿਲ ਸਕਦੇ ਹਾਂ। ਜੇਕਰ ਤੁਹਾਡੀ ਇੰਟਰਵਿਊ ਕਰਨ ਦੀ ਲੋੜ ਹੋਈ, ਜਾਂ ਤੁਹਾਡੇ ਘਰ ਆ ਕੇ ਮੁਲਾਕਾਤ ਕਰਨੀ ਹੋਈ, ਤਾਂ ਅਸੀਂ ਤੁਹਾਡੇ ਦੁਆਰਾ ਸੰਪਰਕ ਕਰਨ ਤੋਂ ਬਾਅਦ ਕੰਮ ਦੇ 10 ਦਿਨਾਂ ਦੇ ਅੰਦਰ ਅੰਦਰ ਅਜਿਹਾ ਕਰਨ ਦਾ ਪ੍ਰਬੰਧ ਕਰਾਂਗੇ।

## ਤੁਹਾਡੇ ਫ਼ਾਰਮ 'ਤੇ ਧਿਆਨ ਦੇਣਾ

ਤੁਹਾਡਾ ਫ਼ਾਰਮ ਮਿਲਦੇ ਹੀ ਅਸੀਂ ਇਸ 'ਤੇ ਤਾਰੀਖ਼ ਦੀ ਮੋਹਰ ਲਗਾਵਾਂਗੇ, ਤਾਂ ਕਿ ਸਾਨੂੰ ਪਤਾ ਹੋਵੇ ਕਿ ਸਾਨੂੰ ਫ਼ਾਰਮ ਕਦ ਮਿਲਿਆ ਸੀ। ਅਸੀਂ ਅਜਿਹਾ ਆਪਣੇ ਦਫ਼ਤਰ ਵਿਚ ਉਸੇ ਦਿਨ ਕਰਾਂਗੇ ਜਦੋਂ ਸਾਨੂੰ ਤੁਹਾਡਾ ਫ਼ਰਾਮ ਮਿਲੇਗਾ ਅਤੇ ਇਹ ਤੁਹਾਡੇ ਅਰਜ਼ੀ-ਪੱਤਰ ਦੀ ਰਜਿਸਟ੍ਰੇਸ਼ਨ ਤਾਰੀਖ਼ ਵੀ ਹੋਵੇਗੀ। ਜਿਹੜੇ ਲੋਕਾਂ ਨੂੰ ਰੀ-ਹਾਊਸਿੰਗ ਲਈ ਸਵੀਕਾਰ ਕੀਤਾ ਜਾਂਦਾ ਹੈ, ਇਹ ਉਨ੍ਹਾਂ ਦਾ ਰਿਕਾਰਡ ਹੁੰਦਾ ਹੈ।

ਅਸੀਂ ਫ਼ੇਰ ਦੇਖਾਂਗੇ ਕਿ ਤੁਸੀਂ ਫ਼ਾਰਮ 'ਤੇ ਕਿਹੜੀ ਜਾਣਕਾਰੀ ਦਿੱਤੀ ਹੈ ਅਤੇ ਜੇਕਰ ਕੁਝ ਜਾਣਕਾਰੀ ਨਾ ਹੋਈ, ਜਾਂ ਹੋਰ ਜਾਣਕਾਰੀ ਦੀ ਲੋੜ ਹੋਈ ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ। ਇਸ ਗੱਲ ਵਿਚ ਸਾਡੀ ਮਦਦ ਕਰਨ ਲਈ ਕ੍ਰਿਪਾ ਕਰਕੇ ਫ਼ਾਰਮ 'ਤੇ ਆਪਣਾ ਸੰਪਰਕ ਟੈਲੀਫ਼ੋਨ ਨੰਬਰ ਜ਼ਰੂਰ ਲਿਖੋ।

ਜੇਕਰ ਅਸੀਂ ਤੁਹਾਡੀ ਅਰਜ਼ੀ-ਫ਼ਾਰਮ ਰਜਿਸਟਰ ਨਾ ਕਰ ਸਕੀਏ, ਤਾਂ ਅਸੀਂ ਤੁਹਾਡਾ ਫ਼ਾਰਮ ਮਿਲਣ 'ਤੇ ਕੰਮ ਦੇ 10 ਦਿਨਾਂ ਦੇ ਅੰਦਰ ਅੰਦਰ ਤੁਹਾਨੂੰ ਚਿੱਠੀ ਵਿਚ ਦੱਸਾਂਗੇ ਕਿ ਇਸ ਦਾ ਕੀ ਕਾਰਣ ਹੈ। ਜਦੋਂ ਸਾਨੂੰ ਸਾਰੀ ਲੋੜੀਂਦੀ ਜਾਣਕਾਰੀ ਮਿਲ ਗਈ ਤਾਂ ਅਸੀਂ ਇਸ ਨੂੰ ਕੰਮ ਦੇ 5 ਦਿਨਾਂ ਦੇ ਅੰਦਰ ਅੰਦਰ ਕੰਪਿਊਟਰ 'ਤੇ ਪਾਵਾਂਗੇ।

ਤੁਹਾਡੀ ਜਾਣਕਾਰੀ ਨੂੰ ਕੰਪਿਊਟਰ 'ਤੇ ਪਾਉਣ ਮਗਰੋਂ ਇਸ ਨੂੰ ਸੁਰੱਖਿਅਤ ਰੂਪ ਵਿਚ ਲੋਕਾਟਾ ਆਫ਼ਿਸ ਵਿਚ ਤਬਦੀਲ ਕੀਤਾ ਜਾਵੇਗਾ। ਤੁਸੀਂ ਲੋਕਾਟਾ ਅਤੇ ਚੋਣ ਮੁਤਾਬਿਕ ਪ੍ਰਾਪਰਟੀ ਕਿਰਾਏ 'ਤੇ ਲੈਣ ਦੀ ਸਕੀਮ ਦੇ ਮੈਂਬਰ ਬਣ ਜਾਓਗੇ ਅਤੇ ਤੁਹਾਨੂੰ ਇਸ ਸੰਬੰਧੀ ਜਾਣਕਾਰੀ ਦਾ ਪੈਕ ਭੇਜਿਆ ਜਾਏਗਾ। **'ਲੋਕਾਟਾ ਦੇ ਮੈਂਬਰ ਬਨਣਾ'** ਦਾ ਸੈਕਸ਼ਨ ਪੜ੍ਹੋ।

## ਡਾਕਟਰੀ ਜਾਇਜ਼ੇ

ਜੇਕਰ ਤੁਹਾਨੂੰ ਲਗਦਾ ਹੈ ਕਿ ਤੁਹਾਡੀ ਰਿਹਾਇਸ਼ ਦੀ ਵਜਾਅ ਕਰਕੇ ਤੁਹਾਨੂੰ ਡਾਕਟਰੀ ਮੁਸ਼ਕਲ ਹੋ ਰਹੀ ਹੈ ਜਾਂ ਪਰਿਵਾਰ ਦੇ ਕਿਸੇ ਵੀ ਮੈਂਬਰ, ਜੋ ਰੀ-ਹਾਊਸਿੰਗ ਲਈ ਤੁਹਾਡੀ ਅਰਜ਼ੀ ਵਿਚ ਸ਼ਾਮਲ ਹਨ, ਦੀ ਮੌਜੂਦਾ ਡਾਕਟਰੀ ਸਮਸਿਆ ਵੱਧ ਰਹੀ ਹੈ, ਤਾਂ ਕ੍ਰਿਪਾ ਕਰਕੇ ਸਾਨੂੰ ਦੱਸੋ, ਤਾਂ ਕਿ ਅਸੀਂ ਦੇਖ ਸਕੀਏ ਕਿ ਕੀ ਤੁਹਾਡੀ ਤਰਜ਼ੀਹ ਨੂੰ ਵਧਾਉਣ ਦੀ ਲੋੜ ਹੈ ਕਿ ਨਹੀਂ।

ਜਦੋਂ ਤੁਸੀਂ ਸਾਨੂੰ ਆਪਣੀ ਡਾਕਟਰੀ ਸਮਸਿਆ ਬਾਰੇ ਦੱਸਦੇ ਹੋ, ਤਾਂ ਅਸੀਂ ਤੁਹਾਨੂੰ ਕੰਮ ਦੇ 5 ਦਿਨਾਂ ਦੇ ਅੰਦਰ ਅੰਦਰ ਮੈਡੀਕਲ ਸੈਲਫ਼-ਅਸੈਸਮੈਂਟ ਫ਼ਾਰਮ (ਆਪਣੀ ਸਿਹਤ ਬਾਰੇ ਆਪ ਭਰਨ ਵਾਲਾ ਫ਼ਾਰਮ) ਭੇਜਾਂਗੇ। ਤੁਹਾਡੇ ਮੈਡੀਕਲ ਫ਼ਾਰਮ ਦਾ ਇੰਤਜ਼ਾਰ ਕਰਦੇ ਹੋਏ ਅਸੀਂ ਤੁਹਾਡੀ ਅਰਜ਼ੀ ਜਾਂ ਟ੍ਰਾਂਸਫ਼ਰ ਫ਼ਾਰਮ 'ਤੇ ਧਿਆਨ ਦੇਣਾ ਜਾਰੀ ਰੱਖਾਂਗੇ।

ਤੁਹਾਨੂੰ ਇਕ ਮੈਡੀਕਲ ਸੈਲਫ਼ ਅਸੈਸਮੈਂਟ ਫ਼ਾਰਮ ਭਰਨਾ ਪਵੇਗਾ। ਤੁਹਾਨੂੰ ਇਸ 'ਤੇ ਸਾਨੂੰ ਵੱਧ ਤੋਂ ਵੱਧ ਜਾਣਕਾਰੀ ਦੇਣੀ ਪਵੇਗੀ, ਜਿਵੇਂ ਕਿ ਦਵਾਈ ਦੀ ਕਿਸਮ ਅਤੇ ਮਾਤਰਾ ਅਤੇ ਜੇਕਰ ਹਸਪਤਾਲ ਤੁਹਾਡਾ ਇਲਾਜ ਚੱਲਦਾ ਹੈ, ਤਾਂ ਇਸ ਬਾਰੇ ਵੀ ਦੱਸੋ। ਤੁਹਾਨੂੰ ਡਾਕਟਰ ਤੋਂ ਚਿੱਠੀ ਲੈਣ ਦੀ ਲੋੜ ਨਹੀਂ ਹੈ, ਪਰ ਜੇਕਰ ਤੁਹਾਡੇ ਕੋਲ ਪਹਿਲਾਂ ਹੀ ਡਾਕਟਰ ਦੀ ਚਿੱਠੀ ਹੈ, ਤਾਂ ਕ੍ਰਿਪਾ ਕਰਕੇ ਇਸਨੂੰ ਅਸੈਸਮੈਂਟ ਫ਼ਾਰਮ ਦੇ ਨਾਲ ਲਗਾਓ।

ਜੇਕਰ ਸਾਨੂੰ ਤੁਹਾਡੇ ਡਾਕਟਰ ਜਾਂ ਹਸਪਤਾਲ ਤੋਂ ਹੋਰ ਜਾਣਕਾਰੀ ਦੀ ਲੋੜ ਹੋਈ, ਤਾਂ ਅਸੀਂ ਤੁਹਾਨੂੰ ਦੱਸਾਂਗੇ।

ਜੇਕਰ ਤੁਸੀਂ ਕੌਂਸਲ ਦੇ ਕਿਰਾਏਦਾਰ ਹੋ, ਤਾਂ ਕ੍ਰਿਪਾ ਕਰਕੇ ਭਰਿਆ ਹੋਇਆ ਫ਼ਾਰਮ ਆਪਣੇ ਇਲਾਕੇ ਦੇ ਹੰਸਲੋ ਹੋਮਜ਼ ਦੇ ਹਾਊਸਿੰਗ ਆਫ਼ਿਸ ਵਿਚ ਲੈ ਜਾਓ ਜਾਂ ਭੇਜੋ ਅਤੇ ਜੇਕਰ ਤੁਸੀਂ ਘਰ ਲੱਭ ਰਹੇ ਹੋ, ਤਾਂ ਇਸ ਨੂੰ ਹੰਸਲੋ ਕੌਂਸਲ ਦੇ 'ਰੀ-ਹਾਊਸਿੰਗ ਯੂਨਿਟ' ਜਾਂ 'ਹੋਮਲੈੱਸ ਪਰਸਨਜ਼ ਯੂਨਿਟ' ਵਿਖੇ ਲੈ ਕੇ ਜਾਓ। ਜਦੋਂ ਸਾਨੂੰ ਤੁਹਾਡਾ ਮੈਡੀਕਲ ਫ਼ਾਰਮ ਮਿਲ ਜਾਏਗਾ, ਤਾਂ ਅਸੀਂ ਇਸ 'ਤੇ ਤਾਰੀਖ਼ ਦੀ ਮੋਹਰ ਲਗਾਵਾਂਗੇ। ਅਜਿਹਾ ਅਸੀਂ ਆਪਣੇ ਦਫ਼ਤਰ ਵਿਚ ਉਸੇ ਦਿਨ ਕਰਾਂਗੇ ਜਿਸ ਦਿਨ ਸਾਨੂੰ ਇਹ ਫ਼ਾਰਮ ਮਿਲੇਗਾ।

ਅਸੀਂ ਤੁਹਾਡੀ ਡਾਕਟਰੀ ਜਾਣਕਾਰੀ 'ਤੇ ਧਿਆਨ ਦੇਵਾਂਗੇ ਅਤੇ ਲੋੜ ਪੈਣ 'ਤੇ ਡਾਕਟਰ ਜਾਂ ਔਕੂਪੇਸ਼ਨਲ ਥੈਰਾਪਿਸਟ ਤੋਂ ਹੋਰ ਖ਼ਾਸ ਸਲਾਹ-ਮਸ਼ਵਰਾ ਲਵਾਂਗੇ। ਤੁਹਾਡੀ ਡਾਕਟਰੀ ਜਾਣਕਾਰੀ ਮਿਲਣ 'ਤੇ ਕੰਮ ਦੇ 20 ਦਿਨਾਂ ਦੇ ਅੰਦਰ ਅੰਦਰ ਅਸੀਂ ਤੁਹਾਨੂੰ ਇਸ ਦੇ ਨਤੀਜੇ ਬਾਰੇ ਦੱਸਣ ਲਈ ਚਿੱਠੀ ਲਿਖਾਂਗੇ।

ਡਾਕਟਰੀ ਜਾਣਕਾਰੀ ਸੰਬੰਧੀ ਕੋਈ ਵੀ ਸਿਫ਼ਾਰਸ਼ ਜਾਂ ਸਲਾਹ ਮਿਲਣ 'ਤੇ ਅਸੀਂ ਇਸ ਜਾਣਕਾਰੀ ਨੂੰ ਕੰਮ ਦੇ 5 ਦਿਨਾਂ ਦੇ ਅੰਦਰ ਅੰਦਰ ਕੰਪਿਊਟਰ 'ਤੇ ਪਾਵਾਂਗੇ।

## ਸਾਡੇ ਫ਼ੈਸਲੇ ਵਿਰੁੱਧ ਅਪੀਲ ਕਰਨ ਦਾ ਤੁਹਾਡਾ ਹੱਕ

ਜੇਕਰ ਤੁਸੀਂ ਸਾਡੇ ਕਿਸੇ ਵੀ ਫ਼ੈਸਲੇ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਇਨ੍ਹਾਂ ਵਿਰੁੱਧ ਅਪੀਲ ਕਰ ਸਕਦੇ ਹੋ। ਜੇਕਰ ਤੁਸੀਂ ਘਰ ਲੱਭ ਰਹੇ ਹੋ, ਤਾਂ ਕ੍ਰਿਪਾ ਕਰਕੇ ਰੀ-ਹਾਊਸਿੰਗ ਮੈਨੇਜਰ ਜਾਂ ਹੋਮਲੈੱਸ ਮੈਨੇਜਰ ਨੂੰ ਇਸ ਪਤੇ 'ਤੇ ਚਿੱਠੀ ਲਿਖੋ: Re-housing manager or Homeless Persons Manager, Re-housing Unit, Civic Centre, Lampton Road, Hounslow TW3 4DN ਕੌਂਸਲ ਦੇ ਕਿਰਾਏਦਾਰ, ਓਪਰੇਸ਼ਨਜ਼ ਮੈਨੇਜਰ ਨੂੰ ਇਸ ਪਤੇ 'ਤੇ ਚਿੱਠੀ ਲਿਖਣ: Operations Manager, Hounslow Homes, St. Catherine's House, 2 Hanworth Road, Feltham, TW13 5AB

ਕ੍ਰਿਪਾ ਕਰਕੇ ਸਾਨੂੰ ਜਿੰਨੀ ਵੱਧ ਤੋਂ ਵੱਧ ਹੋ ਸਕੇ ਜਾਣਕਾਰੀ ਦਿਓ, ਤਾਂ ਕਿ ਅਸੀਂ ਤੁਹਾਡੀ ਅਪੀਲ 'ਤੇ ਗੌਰ ਕਰ ਸਕੀਏ। ਅਪੀਲ ਮਿਲਣ 'ਤੇ ਕੰਮ ਦੇ 10 ਦਿਨਾਂ ਦੇ ਅੰਦਰ ਅੰਦਰ ਅਸੀਂ ਅਜਿਹਾ ਕਰਾਂਗੇ ਅਤੇ ਅਸੀਂ ਤੁਹਾਨੂੰ ਚਿੱਠੀ ਲਿਖਾਂਗੇ

ਅਤੇ ਤੁਹਾਡੀ ਅਪੀਲ ਸੰਬੰਧੀ ਆਪਣੇ ਫ਼ੈਸਲੇ ਬਾਰੇ ਅਤੇ ਫੈਸਲੇ ਦੇ ਕਾਰਣ ਬਾਰੇ ਵੀ ਦੱਸਾਂਗੇ।

ਜੇਕਰ ਤੁਸੀਂ ਫ਼ੈਸਲੇ ਨਾਲ ਖੁਸ਼ ਨਹੀਂ ਹੋ, ਤਾਂ ਹੰਸਲੋ ਹੋਮਜ਼ ਜਾਂ ਹੰਸਲੋ ਕੌਂਸਲ ਵਿਖੇ ਕਸਟਮਰ ਕੰਪਲੇਂਟਸ ਅਫ਼ਸਰ ਨੂੰ ਚਿੱਠੀ ਲਿਖ ਸਕਦੇ ਹੋ।

## ਡਾਕਟਰੀ ਜਾਇਜ਼ੇ ਲਈ ਅਪੀਲ ਕਰਨ ਦਾ ਤੁਹਾਡਾ ਹੱਕ

ਜੇਕਰ ਤੁਸੀਂ ਡਾਕਟਰੀ ਫ਼ੈਸਲੇ ਨਾਲ ਖੁਸ਼ ਨਹੀਂ ਹੋ, ਤਾਂ ਤੁਹਾਨੂੰ ਅਪੀਲ ਫ਼ਾਰਮ ਲੈਣ ਲਈ ਸਾਡੇ ਨਾਲ ਸੰਪਰਕ ਕਰਨਾ ਪਵੇਗਾ ਜਾਂ ਤੁਸੀਂ ਆਪ ਜਾ ਕੇ ਆਪਣੇ ਇਲਾਕੇ ਦੇ ਹਾਊਸਿੰਗ ਆਫ਼ਿਸ ਜਾਂ ਸਿਵਿਕ ਸੈਂਟਰ ਤੋਂ ਲੈ ਸਕਦੇ ਹੋ। ਅਸੀਂ 48 ਘੰਟਿਆਂ ਦੇ ਅੰਦਰ ਅੰਦਰ ਤੁਹਾਨੂੰ ਅਪੀਲ ਫ਼ਾਰਮ ਭੇਜਾਂਗੇ।

ਤੁਹਾਨੂੰ ਅਪੀਲ ਫ਼ਾਰਮ ਪੂਰੀ ਤਰ੍ਹਾਂ ਭਰ ਕੇ ਵਾਪਸ ਭੇਜਣਾ ਪਵੇਗਾ ਅਤੇ ਆਪਣੀ ਅਪੀਲ ਦੇ ਕਾਰਣ ਦੱਸਣੇ ਪੈਣਗੇ। ਅਪੀਲ ਕਰਨ ਲਈ ਤੁਹਾਨੂੰ ਆਪਣੇ ਡਾਕਟਰ ਦੀ ਮਦਦ ਦੀ ਲੋੜ ਨਹੀਂ ਹੈ। ਜਦੋਂ ਸਾਨੂੰ ਫਾਰਮ ਮਿਲ ਜਾਣਗੇ, ਤਾਂ ਅਸੀਂ ਇਨ੍ਹਾਂ 'ਤੇ ਤਾਰੀਖ਼ ਦੀ ਮੋਹਰ ਲਗਾਵਾਂਗੇ। ਅਜਿਹਾ ਅਸੀਂ ਉਸੇ ਦਿਨ ਕਰਾਂਗੇ ਜਿਸ ਦਿਨ ਸਾਨੂੰ ਤੁਹਾਡੇ ਫ਼ਾਰਮ ਮਿਲਣਗੇ।

ਹੋਰ ਗੌਰ ਕਰਨ ਲਈ ਅਸੀਂ ਤੁਹਾਡੇ ਅਪੀਲ ਫ਼ਾਰਮ 'ਤੇ ਦਿੱਤੀ ਜਾਣਕਾਰੀ ਅਤੇ ਮੈਡੀਕਲ ਫ਼ਾਰਮ, ਜਿਹੜਾ ਤੁਸੀਂ ਪਹਿਲਾਂ ਭੇਜਿਆ ਸੀ, ਉਹ ਦੇਖਾਂਗੇ। ਅਸੀਂ ਕੰਮ ਦੇ 20 ਦਿਨਾਂ ਦੇ ਅੰਦਰ ਤੁਹਾਨੂੰ ਤੁਹਾਡੀ ਅਪੀਲ ਦੇ ਨਤੀਜੇ ਬਾਰੇ ਦੱਸਾਂਗੇ।

ਫ਼ੈਸਲਾ ਮਿਲਣ 'ਤੇ 5 ਦਿਨਾਂ ਦੇ ਅੰਦਰ ਅਸੀਂ ਅਪੀਲ ਦੀਆਂ ਸਿਫ਼ਾਰਸ਼ਾਂ ਨੂੰ ਤੁਹਾਡੇ ਰਿਕਾਰਡ ਵਿਚ ਪਾਵਾਂਗੇ।

## ਲੋਕਾਟਾ – ਆਪਣੀ ਚੋਣ ਜਾਂ ਪਸੰਦ ਦੀ ਪ੍ਰਾਪਰਟੀ ਕਿਰਾਏ 'ਤੇ ਲੈਣ ਦੀ ਸਕੀਮ

ਆਪਣੀ ਚੋਣ ਜਾਂ ਪਸੰਦ ਮੁਤਾਬਿਕ ਪ੍ਰਾਪਰਟੀ ਕਿਰਾਏ 'ਤੇ ਲੈਣ ਦੀ ਸਕੀਮ, ਜਿਸ ਦਾ ਨਾਮ ਲੋਕਾਟਾ ਹੈ, ਦੀ ਸਥਾਪਨਾ ਕਰਨ ਲਈ ਹੰਸਲੋ ਕੌਂਸਲ ਨੇ ਚਾਰ ਗੁਆਂਢੀ ਬਾਰੋ ਅਤੇ ਬਹੁਤ ਸਾਰੀਆਂ ਹਾਊਸਿੰਗ ਐਸੋਸੀਏਸ਼ਨਾਂ ਨਾਲ ਮਿਲ ਕੇ ਇਸ ਵਿਚ ਹਿੱਸਾ ਲਿਆ ਹੈ।

ਆਪਣਾ ਅਰਜ਼ੀ-ਫ਼ਾਰਮ ਭਰਕੇ ਭੇਜਣ ਮਗਰੋਂ ਜਦੋਂ ਤੁਸੀਂ ਲੋਕਾਟਾ ਦੇ ਮੈਂਬਰ ਬਣ ਜਾਓਗੇ, ਤਾਂ ਅਸੀਂ ਤੁਹਾਨੂੰ ਇਕ ਚਿੱਠੀ ਲਿਖਾਂਗੇ। ਇਸ ਚਿੱਠੀ ਵਿਚ ਅਸੀਂ ਤੁਹਾਨੂੰ ਤੁਹਾਡੀ ਬੈਂਡ ਬਾਰੇ ਦੱਸਾਂਗੇ ਅਤੇ ਕਿੰਨੇ ਬੈੱਡ-ਰੂਮ ਦੀ ਪ੍ਰਾਪਰਟੀ ਲਈ ਤੁਸੀਂ ਬਿੱਡ ਕਰਨ ਦੇ ਹੱਕਦਾਰ ਹੋ, ਉਸ ਬਾਰੇ ਦੱਸਾਂਗੇ ਅਤੇ ਨਾਲ ਕੁਝ ਕੂਪਨ ਭੇਜਾਂਗੇ।

ਲੋਕਾਟਾ ਜੋ ਚੋਣ ਜਾਂ ਪਸੰਦ ਮੁਤਾਬਿਕ ਪ੍ਰਾਪਰਟੀ ਕਿਰਾਏ 'ਤੇ ਲੈਣ ਦੀ ਸਕੀਮ ਹੈ, ਦਾ ਮਤਲਬ ਹੈ ਕਿ ਤੁਸੀਂ ਕਿਸੇ ਖਾਲ੍ਹੀ ਪ੍ਰਾਪਰਟੀ ਲਈ ਬਿੱਡ ਕਰ ਸਕਦੇ ਹੋ ਅਤੇ ਤੁਹਾਨੂੰ ਕੌਂਸਲ ਦੁਆਰਾ ਪ੍ਰਾਪਰਟੀ ਲੱਭ ਕੇ ਦੇਣ ਦੀ ਇੰਤਜ਼ਾਰ ਨਹੀਂ ਕਰਨੀ ਪਵੇਗੀ।

ਜੇਕਰ ਤੁਸੀਂ ਕੌਂਸਲ ਦੇ ਕਿਰਾਏਦਾਰ ਹੋ; ਕਿਸੇ ਪ੍ਰਾਈਵੇਟ ਪ੍ਰਾਪਰਟੀ ਵਿਚ ਕਿਰਾਏ 'ਤੇ ਰਹਿੰਦੇ ਹੋ ਜਾਂ ਬੇਘਰੇ ਹੋ, ਤਾਂ ਜਦੋਂ ਤੁਸੀਂ ਕੌਂਸਲ ਦੇ ਘਰ ਲਈ ਜਾਂ ਕਿਸੇ ਹੋਰ ਪ੍ਰਾਪਰਟੀ ਵਿਚ ਬਦਲੀ ਕਰਨ ਲਈ ਅਪਲਾਈ ਕਰਦੇ ਹੋ, ਤਾਂ ਤੁਸੀਂ ਲੋਕਾਟਾ ਦੇ ਮੈਂਬਰ ਬਣ ਜਾਵੋਗੇ।

ਲੋਕਾਟਾ ਦੇ ਮੈਂਬਰਾਂ ਨੂੰ ਉਨ੍ਹਾਂ ਦੀ ਰਿਹਾਇਸ਼ ਦੀਆਂ ਲੋੜਾਂ ਅਤੇ ਬੈਂਡ ਵਿਚ ਤਾਰੀਖ਼ ਅਨੁਸਾਰ ਏ ਤੋਂ ਡੀ ਦੀਆਂ ਚਾਰ ਬੈਂਡਾਂ ਵਿਚੋਂ ਕਿਸੇ ਇਸ ਬੈਂਡ ਵਿਚ ਰੱਖਿਆ ਜਾਏਗਾ।

ਲੋਕਾਟਾ ਨਾਲ ਤੁਹਾਨੂੰ ਹੋਰ ਚੋਣ ਕਰਨ ਨੂੰ ਮਿਲਦੀ ਹੈ ਕਿ ਤੁਸੀਂ ਕਿਥੇ ਰਹਿਣਾ ਚਾਹੁੰਦੇ ਹੋ ਅਤੇ ਜਾਂ ਕਿਸ ਕਿਸਮ ਦੇ ਘਰ ਵਿਚ ਰਹਿਣਾ ਚਾਹੁੰਦੇ ਹੋ, ਪਰ ਫ਼ੇਰ ਵੀ ਘਰਾਂ ਦੀ ਬਹੁਤ ਕਮੀ ਹੈ। ਇਸ ਦਾ ਮਤਲਬ ਇਹ ਹੈ ਕਿ ਤੁਹਾਨੂੰ ਘਰ ਲੱਭਣ ਲਈ ਕਾਫ਼ੀ ਇੰਤਜ਼ਾਰ ਕਰਨੀ ਪੈ ਸਕਦੀ ਹੈ।

ਕਈ ਬਾਰ ਤਾਂ ਕੌਂਸਲ ਦੇ ਘਰਾਂ ਦੀ ਰਿਹਾਇਸ਼ ਮਿਲਦੀ ਹੀ ਨਹੀਂ ਹੈ।

ਜੇਕਰ ਅਜਿਹਾ ਹੁੰਦਾ ਹੈ, ਤਾਂ ਅਸੀਂ ਤੁਹਾਨੂੰ ਨਵਾਂ ਘਰ ਲੱਭਣ ਲਈ ਸੁਝਾਅ ਦੇ ਸਕਦੇ ਹਾਂ, ਸੋ ਕ੍ਰਿਪਾ ਕਰਕੇ 'ਨਵੀਂ ਪ੍ਰਾਪਰਟੀ ਵਿਚ ਜਾਣ ਦੇ ਹੋਰ ਤਰੀਕੇ' ਦਾ ਭਾਗ ਪੜ੍ਹੋ।

## ਕੀ ਤੁਸੀਂ ਲੋਕਾਟਾ ਦੇ ਹੱਕਦਾਰ ਹੋ?

ਹੋ ਸਕਦਾ ਹੈ ਕਿ ਤੁਸੀਂ ਲੋਕਾਟਾ ਦੇ ਮੈਂਬਰ ਬਨਣ ਲਈ ਹੱਕਦਾਰ ਨਾ ਹੋਵੋ, ਜੇਕਰ:

* ਤੁਸੀਂ ਕਿਰਾਏਦਾਰ ਹੋ ਅਤੇ ਤੁਹਾਨੂੰ ਨੋਟਿਸ ਆਫ਼ ਸੀਕਿੰਗ ਪੋਜ਼ੈਸ਼ਨ (ਪ੍ਰਾਪਰਟੀ ਖਾਲੀ ਕਰਵਾਉਣ ਦਾ ਨੋਟਿਸ) ਮਿਲਿਆ ਹੈ।
* ਤੁਹਾਡੇ ਕੋਲ ਘਰ ਨਹੀਂ ਹੈ ਅਤੇ ਤੁਸੀਂ ਇੰਮੀਗ੍ਰੇਸ਼ਨ ਦੇ ਕੰਟਰੋਲ ਅਧੀਨ ਹੋ।
* ਜੇਕਰ ਤੁਸੀਂ ਘਰ ਲੱਭ ਰਹੇ ਹੋ ਅਤੇ ਕਿਸੇ ਨਜ਼ਦੀਕੀ ਬਾਰੋ ਵਿਚ ਰਹਿ ਰਹੇ ਹੋ।

ਜੇਕਰ ਇਹ ਹਾਲਾਤ ਤੁਹਾਡੇ 'ਤੇ ਲਾਗੂ ਹੁੰਦੇ ਹਨ, ਤਾਂ ਅਸੀਂ ਤੁਹਾਨੂੰ ਚਿੱਠੀ ਲਿਖਾਂਗੇ ਕਿ ਤੁਹਾਨੂੰ ਲੋਕਾਟਾ ਸਕੀਮ ਵਿਚ ਸ਼ਾਮਲ ਕਿਉਂ ਨਹੀਂ ਕੀਤਾ ਜਾ ਸਕਦਾ। ਅਸੀਂ ਫਾਰਮ ਮਿਲਣ 'ਤੇ ਕੰਮ ਦੇ 10 ਦਿਨਾਂ ਦੇ ਅੰਦਰ ਅਜਿਹਾ ਕਰਾਂਗੇ।

## ਲੋਕਾਟਾ ਦਾ ਮੈਂਬਰ ਹੋਣਾ

ਜਦੋਂ ਤੁਸੀਂ ਲੋਕਾਟਾ ਦੇ ਮੈਂਬਰ ਬਣੋਗੇ, ਤਾਂ ਤੁਹਾਨੂੰ ਇਕ ਲੋਕਾਟਾ ਦਾ ਮੁਫ਼ਤ ਮੈਗਜ਼ੀਨ (ਫ਼ਰੀਸ਼ੀਟ) ਭੇਜਿਆ ਜਾਏਗਾ।

ਇਹ ਫ਼ਰੀਸ਼ੀਟ ਹਰ ਪੰਦਰਾਂ ਦਿਨਾਂ ਬਾਅਦ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਅਤੇ ਆਮ ਤੌਰ 'ਤੇ ਇਕ ਸ਼ੁੱਕਰਵਾਰ ਛੱਡ ਕੇ ਮਿਲਦੀ ਹੈ। ਪਹਿਲੀ ਸ਼ੀਟ ਤੁਹਾਨੂੰ ਡਾਕ ਰਾਹੀਂ ਭੇਜੀ ਜਾਏਗੀ। ਬਾਕੀ ਦੀਆਂ ਫ਼ਰੀਸ਼ੀਟਾਂ ਤੁਸੀਂ ਕਈ ਥਾਵਾਂ, ਜਿਵੇਂ ਕਿ ਆਪਣੇ ਇਲਾਕੇ ਦੇ ਦਫ਼ਤਰਾਂ ਅਤੇ ਲਾਇਬ੍ਰੇਰੀਆਂ ਤੋਂ ਲੈ ਸਕਦੇ ਹੋ। ਅਜਿਹੀਆਂ ਥਾਵਾਂ ਦੀ ਇਕ ਪੂਰੀ ਸੂਚੀ ਫ਼ਰੀਸ਼ੀਟ ਦੇ ਪਿੱਛੇ ਦਿੱਤੀ ਜਾਂਦੀ ਹੈ। ਤੁਸੀਂ ਇੰਟਰਨੈੱਟ ਦੇ ਇਸ ਪਤੇ ਤੋਂ ਵੀ ਫ਼ਰੀਸ਼ੀਟ ਹਾਸਲ ਕਰ ਸਕਦੇ ਹੋ: www.locata.org ਤੁਸੀਂ ਇਹ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ। ਅਜਿਹਾ ਕਰਨ ਸੰਬੰਧੀ ਜਾਣਕਾਰੀ 'ਯੂਜ਼ਰ ਗਾਈਡ' ਵਿਚ ਦਿੱਤੀ ਗਈ ਹੈ।

*ਬਿੱਡ ਕਰਨ ਲਈ ਕੂਪਨ ਅਤੇ ਲਿਫ਼ਾਫ਼ੇ*

ਬਿੱਡ ਕਰਨ ਵਾਲੇ ਕੁਝ ਕੂਪਨ ਵੀ ਤੁਹਾਨੂੰ ਡਾਕ ਰਾਹੀਂ ਭੇਜੇ ਜਾਣਗੇ। ਉਨ੍ਹਾਂ ਉੱਤੇ ਤੁਹਾਡਾ ਆਪਣਾ ਨਿੱਜੀ ਲਿੰਨ (LIN) ਨੰਬਰ ਹੋਵੇਗਾ, ਸੋ ਆਪਣੇ ਕੂਪਨ ਕਿਸੇ ਹੋਰ ਨੂੰ ਨਾ ਦਿਓ। ਤੁਸੀਂ ਟੈਲੀਫ਼ੋਨ ਰਾਹੀਂ, ਐੱਸ.ਐਮ.ਐੱਸ ਟੈਕਸਟ ਮੈਸੇਜ (SMS text message) ਅਤੇ ਇੰਟਰਨੈੱਟ ਰਾਹੀਂ ਵੀ ਬਿੱਡ ਕਰ ਸਕਦੇ ਹੋ। ਇਸ ਸੰਬੰਧੀ ਜਾਣਕਾਰੀ ਵੀ 'ਯੂਜ਼ਰ ਗਾਈਡ' ਵਿਚ ਦਿੱਤੀ ਗਈ ਹੈ।

*ਜਦੋਂ ਮੈਨੂੰ ਆਪਣਾ ਪੈਕ ਮਿਲ ਗਿਆ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?*

ਇਸ ਨੂੰ ਧਿਆਨ ਨਾਲ ਪੜ੍ਹੋ ਅਤੇ ਦੇਖੋ ਕਿ ਕੀ ਜਾਣਕਾਰੀ ਸਹੀ ਹੈ। ਆਪਣਾ ਲਿੰਨ ਨੰਬਰ ਕਿਧਰੇ ਹੋਰ ਵੀ ਲਿਖ ਰੱਖੋ।

ਜੇਕਰ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਪੈਕ ਵਿਚ ਕੁਝ ਗਲਤ ਹੈ, ਤਾਂ ਸਾਨੂੰ ਉਸੇ ਵੇਲੇ ਦੱਸੋ। ਜੇਕਰ ਤੁਸੀਂ ਕਿਰਾਏਦਾਰ ਹੋ, ਤਾਂ ਆਪਣੇ ਇਲਾਕੇ ਦੇ ਹੰਸਲੋ ਹੋਮਜ਼ ਦੇ ਸਥਾਨਕ ਦਫ਼ਤਰ ਨੂੰ ਦੱਸੋ। ਜੇਕਰ ਤੁਸੀਂ ਘਰ ਲੱਭ ਰਹੇ ਹੋ, ਤਾਂ 'ਰੀ-ਹਾਊਸਿੰਗ ਯੂਨਿਟ' ਨਾਲ ਸੰਪਰਕ ਕਰੋ ਜਾਂ ਜੇਕਰ ਤੁਸੀਂ ਬੇ-ਘਰੇ ਹੋਣ ਦੇ ਨਾਤੇ ਅਪਲਾਈ ਕੀਤਾ ਹੈ, ਤਾਂ ਆਪਣੇ ਕੇਸ-ਵਰਕਰ ਨੂੰ ਦੱਸੋ। ਅਸੀਂ ਫ਼ੋਨ 'ਤੇ ਤੁਹਾਡੀ ਪੁੱਛ-ਪੜਤਾਲ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ।

ਜੇਕਰ ਅਸੀਂ ਅਜਿਹਾ ਨਾ ਕਰ ਸਕੀਏ, ਤਾਂ ਅਸੀਂ ਤੁਹਾਨੂੰ ਦਫ਼ਤਰ ਵਿਚ ਜਾਂ ਤੁਹਾਡੇ ਘਰ ਆ ਕੇ ਮਿਲਣ ਦਾ ਪ੍ਰਬੰਧ ਕਰਾਂਗੇ। ਅਸੀਂ ਤੁਹਾਡੇ ਦੁਆਰਾ ਸੰਪਰਕ ਕਰਨ ਤੋਂ ਬਾਅਦ ਕੰਮ ਦੇ 10 ਦਿਨਾਂ ਦੇ ਅੰਦਰ ਅੰਦਰ ਤੁਹਾਨੂੰ ਮਿਲਣ ਦੀ ਕੋਸ਼ਿਸ਼ ਕਰਾਂਗੇ।

ਹੁਣ ਤੁਸੀਂ ਪ੍ਰਾਪਰਟੀ ਲਈ ਬਿੱਡ ਕਰਨ ਨੂੰ ਤਿਆਰ ਹੋ।

# ਪ੍ਰਾਪਰਟੀ ਲਈ ਬਿੱਡ ਕਰਨੀ

ਤੁਸੀਂ ਲੋਕਾਟਾ ਫ਼ਰੀਸ਼ੀਟ ਦੇ ਹਰ ਅਡੀਸ਼ਨ ਵਿਚ ਤਿੰਨ ਪ੍ਰਾਪਰਟੀਆਂ ਲਈ ਬਿੱਡ ਕਰ ਸਕਦੇ ਹੋ। ਬਿੱਡ ਕਰਨ ਦੀ ਆਖ਼ਰੀ ਤਾਰੀਖ਼ ਫ਼ਰੀਸ਼ੀਟ ਦੇ ਮੋਹਰੇ ਦਿੱਤੀ ਹੋਈ ਹੁੰਦੀ ਹੈ। ਆਖ਼ਰੀ ਤਾਰੀਖ਼ ਤੋਂ ਬਾਅਦ ਮਿਲੀਆਂ ਬਿੱਡਾਂ 'ਤੇ ਗੌਰ ਨਹੀਂ ਕੀਤੀ ਜਾਏਗੀ। ਇਸ ਕਰਕੇ ਜੇਕਰ ਤੁਸੀਂ ਡਾਕ ਰਾਹੀਂ ਬਿੱਡ ਕਰਦੇ ਹੋ, ਤਾਂ ਇਸ ਗੱਲ ਦਾ ਯਕੀਨ ਦਿਵਾਓ ਕਿ ਇਹ ਆਖ਼ਰੀ ਤਾਰੀਖ਼ ਤੱਕ ਲੋਕਾਟਾ ਦੇ ਦਫ਼ਤਰ ਵਿਚ ਪਹੁੰਚ ਜਾਏ।

ਪੈਕ ਵਿਚ ਦਿੱਤੇ ਖ਼ਤ ਨੂੰ ਪੜ੍ਹੋ ਅਤੇ ਇਸ ਗੱਲ ਦਾ ਯਕੀਨ ਦਿਵਾਓ ਕਿ ਤੁਸੀਂ ਸਹੀ ਆਕਾਰ ਦੀ ਪ੍ਰਾਪਰਟੀ ਲਈ ਬਿੱਡ ਕਰਦੇ ਹੋ, ਸਕੀਮ ਬਾਰੇ ਗਾਈਡ ਨੂੰ ਪੜ੍ਹੋ ਅਤੇ ਪ੍ਰਾਪਰਟੀਆਂ ਲਈ ਦਿੱਤੇ ਵੱਖ ਵੱਖ ਚਿੰਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਪਹਿਲਾਂ ਪਹਿਲਾਂ ਇਹ ਕੰਮ ਔਖਾ ਲੱਗ ਸਕਦਾ ਹੈ ਅਤੇ ਜੇਕਰ ਤੁਹਾਨੂੰ ਮਦਦ ਦੀ ਲੋੜ ਹੋ, ਤਾਂ ਸਾਡੇ ਨਾਲ ਸੰਪਰਕ

ਕਰੋ।

ਅਸੀਂ ਤੁਹਾਨੂੰ ਤੁਹਾਡੇ ਘਰ ਜਾਂ ਦਫ਼ਤਰ ਵਿਚ ਮਿਲਣ ਦਾ ਪ੍ਰਬੰਧ ਕਰਾਂਗੇ ਅਤੇ ਤੁਹਾਨੂੰ ਬਿੱਡ ਕਰਨ ਬਾਰੇ ਅੱਛੀ ਤਰ੍ਹਾਂ ਸਮਝਾਵਾਂਗੇ। ਅਜਿਹਾ ਅਸੀਂ ਤੁਹਾਡੇ ਦੁਆਰਾ ਸੰਪਰਕ ਕਰਨ ਤੋਂ ਬਾਅਦ ਕੰਮ ਦੇ 10 ਦਿਨਾਂ ਦੇ ਅੰਦਰ ਕਰਾਂਗੇ।

ਜੇਕਰ ਤੁਸੀਂ ਚਾਹੁੰਦੇ ਹੋ, ਤਾਂ ਇੰਟਰਵਿਊ ਵਿਚ ਆਪਣੇ ਨਾਲ ਆਪਣੇ ਕਿਸੇ ਦੋਸਤ-ਮਿੱਤਰ ਜਾਂ ਰਿਸ਼ਤੇਦਾਰ ਨੂੰ ਵੀ ਲਿਆ ਸਕਦੇ ਹੋ। ਬਹੁਤ ਘੱਟ ਹਾਲਤਾਂ ਵਿਚ ਅਜਿਹਾ ਵੀ ਹੋ ਸਕਦਾ ਹੈ ਕਿ ਅਸੀਂ ਤੁਹਾਨੂੰ ਲੋਕਾਟਾ ਸਕੀਮ ਤੋਂ ਬਾਹਰ ਕਿਧਰੇ ਹੋਰ ਘਰ ਮੁਹੱਈਆ ਕਰੀਏ। ਕ੍ਰਿਪਾ ਕਰਕੇ 'ਸਪੈਸ਼ਲ ਐਂਰਜਮੈਂਟਸ'' (ਖਾਸ ਪ੍ਰਬੰਧ) ਦਾ ਸੈਕਸ਼ਨ ਦੇਖੋ ।

ਲੋਕਾਟਾ ਫ਼ਰੀਸ਼ੀਟ ਵਿਚ ਦਿੱਤੀਆਂ ਜ਼ਿਆਦਾਤਰ ਪ੍ਰਾਪਰਟੀਆਂ ਸਿਰਫ਼ ਉਨ੍ਹਾਂ ਕਿਰਾਏਦਾਰਾਂ ਅਤੇ ਜਾਂ ਘਰ ਲੱਭਣ ਵਾਲਿਆਂ ਲਈ ਹੁੰਦੀਆਂ ਹਨ, ਜਿਹੜੇ ਬਾਰੋ ਵਿਚ ਰਹਿੰਦੇ ਹਨ ਅਤੇ ਜਿੱਥੇ ਪ੍ਰਾਪਰਟੀ ਬਿੱਡ ਕਰਨ ਲਈ ਸਥਿਤ ਹੁੰਦੀ ਹੈ। ਪਰ ਘੱਟੋ-ਘੱਟ 10 ਵਿਚੋਂ 1 ਘਰ ਹਰੇਕ ਲਈ ਬਿੱਡ ਕਰਨ ਲਈ ਮੌਜੂਦ ਹੁੰਦਾ ਹੈ ਅਤੇ ਇਹ ਪ੍ਰਾਪਰਟੀਆਂ 'ਕਰੌਸ-ਬਾਰੋ' ਦੇ ਸੈਕਸ਼ਨ ਵਿਚ ਹੁੰਦੀਆਂ ਹਨ।

ਇਹ ਪ੍ਰਾਪਰਟੀਆਂ ਫ਼ਰੀਸ਼ੀਟ ਵਿਚ ਵੱਖ ਸ਼ੈਕਸ਼ਨ ਵਿਚ ਪਾਈਆਂ ਜਾਂਦੀਆਂ ਹਨ।

ਕ੍ਰਿਪਾ ਕਰਕੇ ਸਿਰਫ਼ ਉਨ੍ਹਾਂ ਪ੍ਰਾਪਰਟੀਆਂ ਲਈ ਹੀ ਬਿੱਡ ਕਰੋ, ਜਿਨ੍ਹਾਂ ਦੇ ਤੁਸੀਂ ਹੱਕਦਾਰ ਹੋ, ਨਹੀਂ ਤਾਂ ਤੁਹਾਡੀ ਬਿੱਡ 'ਤੇ ਗੌਰ ਨਹੀਂ ਕੀਤਾ ਜਾਏਗਾ।

ਜਦੋਂ ਬਿੱਡ ਕਰਨ ਦੀ ਆਖ਼ਰੀ ਤਾਰੀਖ਼ ਲੰਘ ਜਾਂਦੀ ਹੈ, ਤਾਂ ਸਾਰੇ ਮੈਂਬਰਾਂ ਦੀਆਂ ਬਿੱਡਾਂ 'ਤੇ ਲੋਕਾਟਾ ਦੇ ਦਫ਼ਤਰ ਵਿਚ ਗੌਰ ਕੀਤਾ ਜਾਂਦਾ ਹੈ।

ਜਿਨ੍ਹਾਂ ਮੈਂਬਰਾਂ ਨੇ ਬਿੱਡ ਕੀਤੀ ਹੁੰਦੀ ਹੈ, ਉਨ੍ਹਾਂ ਦੀਆਂ ਸੂਚੀਆਂ ਸਾਂਝੀਦਾਰ ਬਾਰੋਆਂ ਵਿਚ ਵਾਪਸ ਭੇਜੀਆਂ ਜਾਂਦੀਆਂ ਹਨ। ਅਸੀਂ ਇਨ੍ਹਾਂ ਸੂਚੀਆਂ ਨੂੰ 'ਸ਼ੋਰਟਲਿਸਟਸ' ਕਹਿੰਦੇ ਹਾਂ।

## ਕੀ ਤੁਹਾਡੀ ਸਾਰੀ ਜਾਣਕਾਰੀ ਸਹੀ ਹੈ?

ਸਾਡੇ ਲਈ ਇਸ ਗੱਲ ਦਾ ਯਕੀਨ ਦਿਵਾਉਣਾ ਬਹੁਤ ਜ਼ਰੂਰੀ ਹੈ ਕਿ ਤੁਹਾਡੀ ਸਾਰੀ ਜਾਣਕਾਰੀ ਸਹੀ ਹੋਵੇ, ਇਸ ਲਈ ਪ੍ਰਾਪਰਟੀ ਦੀ ਆਫ਼ਰ ਦੇਣ ਤੋਂ ਪਹਿਲਾਂ ਅਸੀਂ ਤੁਹਾਡੀ ਅਰਜ਼ੀ 'ਚੈੱਕ' ਕਰਾਂਗੇ।

ਇਸ ਦਾ ਮਤਲਬ ਹੈ ਕਿ ਅਸੀਂ ਤੁਹਾਨੂੰ ਮਿਲਣ ਆ ਸਕਦੇ ਹਾਂ ਅਤੇ ਇਸ ਗੱਲ ਦਾ ਨਿਸ਼ਚਾ ਕਰ ਸਕਦੇ ਹਾਂ ਕਿ ਤੁਹਾਡੀ ਜਾਣਕਾਰੀ ਅਜੇ ਵੀ ਓਹੀ ਹੈ, ਜੋ ਤੁਸੀਂ ਅਪਲਾਈ ਕਰਨ ਸਮੇਂ ਦਿੱਤੀ ਸੀ। ਅਸੀਂ ਤੁਹਾਨੂੰ ਆਪਣੇ ਦਫ਼ਤਰ ਵਿਚ ਵੀ ਬੁਲਾ ਸਕਦੇ ਹਾਂ।

ਅਜਿਹਾ ਅਸੀਂ 'ਸ਼ੋਰਟਲਿਸਟ' ਮਿਲਣ 'ਤੇ ਕੰਮ ਦੇ 2 ਦਿਨਾਂ ਅੰਦਰ ਕਰਾਂਗੇ। ਇਹ ਜ਼ਰੂਰੀ ਹੈ ਕਿ ਤੁਸੀਂ ਵੀ ਜਲਦੀ ਤੋਂ ਜਲਦੀ ਸਾਨੂੰ ਮਿਲਣ ਲਈ ਵੱਧ ਤੋ ਵੱਧ ਕੋਸ਼ਿਸ਼ ਕਰੋ। ਹੋ ਸਕਦਾ ਹੈ ਕਿ ਸਾਨੂੰ ਕੁਝ ਕਾਗਜ਼-ਪੱਤਰ ਦੇਖਣੇ ਪੈਣ, ਜਿਵੇਂ ਕਿ ਜਨਮ ਦੇ ਸਰਟੀਫ਼ੀਕੇਟ ਆਦਿ, ਸੋ ਕ੍ਰਿਪਾ ਕਰਕੇ ਇਨ੍ਹਾਂ ਨੂੰ ਤਿਆਰ ਰੱਖੋ।

## ਪ੍ਰਾਪਰਟੀ ਦਾ ਆਫ਼ਰ

ਜਦੋਂ ਤੁਹਾਡੇ ਹਾਲਾਤ ਚੈੱਕ ਕਰ ਲਏ ਜਾਣਗੇ, ਤਾਂ ਤੁਹਾਨੂੰ ਰਸਮੀ ਤੌਰ 'ਤੇ ਪ੍ਰਾਪਰਟੀ ਦਾ ਆਫ਼ਰ ਦਿੱਤੀ ਜਾਏਗੀ।

ਘਰਾਂ ਨੂੰ ਜਲਦੀ ਤੋਂ ਜਲਦੀ ਕਿਰਾਏ 'ਤੇ ਦੇਣ ਲਈ ਅਸੀਂ ਤਿੰਨ ਆਰਜ਼ੀਕਾਰਾਂ ਨੂੰ ਇਕ ਪ੍ਰਾਪਰਟੀ ਦੇਖਣ ਲਈ ਸੱਦਾ ਦਿੰਦੇ ਹਾਂ। ਤੁਹਾਡੇ ਆਫ਼ਰ ਦੀ ਚਿੱਠੀ ਵਿਚ ਲਿਖਿਆ ਹੋਵੇਗਾ ਕਿ ਤੁਹਾਨੂੰ ਪਹਿਲੀ, ਦੂਜੀ ਜਾਂ ਤੀਜੀ ਕਿਹੜੀ ਤਰਜ਼ੀਹ ਮਿਲੀ ਹੈ। ਅਸੀਂ ਹਮੇਸ਼ਾਂ ਪਹਿਲੀ ਤਰਜ਼ੀਹ ਵਾਲੇ ਨੂੰ ਪ੍ਰਾਪਰਟੀ ਦੇਣ ਦੀ ਕੋਸ਼ਿਸ਼ ਕਰਦੇ ਹਾਂ, ਪਰ ਕਈ ਬਾਰ ਦੂਜੀ ਜਾਂ ਤੀਜੀ ਤਰਜ਼ੀਹ ਵਾਲੇ ਨੂੰ ਵੀ ਪ੍ਰਾਪਰਟੀ ਮਿਲ ਸਕਦੀ ਹੈ, ਜੇਕਰ ਉਪਰਲੀਆਂ ਤਰਜ਼ੀਹਾਂ ਵਾਲੇ ਅਰਜ਼ੀਕਾਰ ਪ੍ਰਾਪਰਟੀ ਲੈਣ ਤੋਂ ਇਨਕਾਰ ਕਰ ਦੇਣ।

ਪ੍ਰਾਪਰਟੀ ਦੇਖਣ ਲਈ ਤੁਹਾਨੂੰ ਤਾਰੀਖ਼ ਅਤੇ ਸਮਾਂ ਦਿੱਤਾ ਜਾਏਗਾ। ਤੁਹਾਨੂੰ ਆਪ ਜਾ ਕੇ ਪ੍ਰਾਪਰਟੀ ਦੇਖਣੀ ਪਵੇਗੀ ਅਤੇ ਉਥੇ ਪਹੁੰਚ ਕੇ ਤੁਸੀਂ ਇਕ ਹਾਉਸਿੰਗ ਅਫ਼ਸਰ ਨੂੰ ਮਿਲੋਗੇ, ਜੋ ਤੁਹਾਨੂੰ ਪ੍ਰਾਪਰਟੀ ਦਿਖਾਉਣਗੇ ਅਤੇ ਮੁਰੰਮਤ ਜਾਂ ਕਿਰਾਏ ਆਦਿ ਬਾਰੇ ਤੁਹਾਡੇ ਦੁਆਰਾ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣਗੇ।

ਪ੍ਰਾਪਰਟੀ ਦੇਖਣ ਸਮੇਂ ਤੁਹਾਨੂੰ ਇਸ ਨੂੰ ਸਵੀਕਾਰ ਕਰਨ ਦਾ ਫੈਸਲਾ ਕਰਨ ਨੂੰ ਕਿਹਾ ਜਾਏਗਾ, ਪਰ ਜੇਕਰ ਤੁਹਾਨੂੰ ਉਸ

ਵੇਲੇ ਪੱਕਾ ਪਤਾ ਨਹੀਂ ਲਗਦਾ, ਤਾਂ ਤੁਹਾਨੂੰ ਪ੍ਰਾਪਰਟੀ ਦੇਖਣ ਦੇ ਸਮੇਂ ਤੋਂ 24 ਘੰਟਿਆਂ ਦੇ ਅੰਦਰ ਅੰਦਰ ਫੈਸਲਾ ਕਰਨ ਨੂੰ ਕਿਹਾ ਜਾਏਗਾ।

ਤੁਹਾਨੂੰ 24 ਘੰਟਿਆਂ ਦੇ ਅੰਦਰ ਅੰਦਰ ਸਾਡੇ ਨਾਲ ਸੰਪਰਕ ਕਰਨਾ ਪਵੇਗਾ, ਜੇਕਰ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਅਸੀਂ ਸਮਝਾਂਗੇ ਕਿ ਤੁਸੀਂ ਪ੍ਰਾਪਰਟੀ ਨਹੀਂ ਲੈਣੀ ਚਾਹੁੰਦੇ ਅਤੇ ਹੋ ਸਕਦਾ ਹੈ ਕਿ ਪ੍ਰਾਪਰਟੀ ਅਸੀਂ ਕਿਸੇ ਹੋਰ ਨੂੰ ਦੇ ਦਈਏ।

ਜੇਕਰ ਤੁਸੀਂ ਪ੍ਰਾਪਰਟੀ ਨਹੀਂ ਚਾਹੁੰਦੇ, ਤਾਂ ਤੁਸੀਂ ਇਨਕਾਰ ਕਰ ਸਕਦੇ ਹੋ, ਪਰ ਕ੍ਰਿਪਾ ਕਰਕੇ ਬਹੁਤ ਧਿਆਨ ਨਾਲ ਸੋਚੋ ਕਿਉਂਕਿ ਦੁਬਾਰਾ ਬਿੱਡ ਕਰਕੇ ਪ੍ਰਾਪਰਟੀ ਲੱਭਣ ਨੂੰ ਸਮਾਂ ਲੱਗ ਸਕਦਾ ਹੈ।

## ਤੁਹਾਡੇ ਵਿਚਾਰ

ਕਿਉਂਕਿ ਲੋਕਾਟਾ ਦੇ ਮੈਂਬਰ ਜ਼ਿਆਦਾ ਹਨ ਅਤੇ ਘਰ ਘੱਟ ਹਨ ਇਸ ਕਰਕੇ ਅਸੀਂ ਹਰੇਕ ਨੂੰ ਜਲਦੀ ਨਾਲ ਪ੍ਰਾਪਰਟੀ ਨਹੀਂ ਦੇ ਸਕਦੇ। ਅਸਲ ਵਿਚ ਬਹੁਤ ਸਾਰੇ ਲੋਕਾਂ ਨੂੰ ਘਰ ਲੈਣ ਲਈ ਕਾਫ਼ੀ ਲੰਬੀ ਇੰਤਜ਼ਾਰ ਕਰਨੀ ਪੈ ਸਕਦੀ ਹੈ।

ਤੁਸੀ ਲੋਕਾਟਾ ਫ਼ਰੀਸ਼ੀਟ ਦੇ ਪਿੱਛੇ ਦੇਖ ਸਕਦੇ ਹੋ ਕਿ ਕਿਹੜੀ ਬੈਂਡ ਵਾਲਿਆਂ ਨੂੰ ਕਿੰਨੀ ਦੇਰ ਇੰਤਜ਼ਾਰ ਕਰਨੀ ਪੈ ਸਕਦੀ ਹੈ।

ਚੇਤਾ ਰੱਖੋ ਕਿ ਘਰ ਅਤੇ ਗਾਰਡਨ ਵਾਲੀ ਪ੍ਰਾਪਰਟੀ ਲੈਣ ਲਈ ਬਹੁਤ ਸਾਰੇ ਲੋਕ ਤਿਆਰ ਹੋਣਗੇ।

ਅਸੀਂ ਤੁਹਾਨੂੰ ਹੋਰ ਤਰੀਕਿਆਂ ਬਾਰੇ ਦੱਸ ਸਕਦੇ ਹਾਂ, ਜਿਨ੍ਹਾਂ ਨਾਲ ਹੋ ਸਕਦਾ ਹੈ ਕਿ ਤੁਹਾਨੂੰ ਨਵਾਂ ਘਰ ਲੱਭਣ ਵਿਚ ਮਦਦ ਮਿਲ ਸਕੇ।

ਕ੍ਰਿਪਾ ਕਰਕੇ 'ਹੋਰ ਤਰੀਕਿਆਂ' ਬਾਰੇ ਅਗਲੇ ਭਾਗ ਵਿਚ ਦੇਖੋ।

## ਖ਼ਾਸ ਪ੍ਰਬੰਧ

ਜੇਕਰ ਤੁਸੀਂ ਕਿਰਾਏਦਾਰ ਹੋ ਅਤੇ ਤੁਸੀਂ ਘਰੇਲੂ-ਹਿੰਸਾ ਜਾਂ ਪਰੇਸ਼ਾਨੀ ਵਰਗੀਆਂ ਖ਼ਾਸ ਤਰ੍ਹਾਂ ਦੀਆਂ ਸਮਸਿਆਵਾਂ ਝੱਲ ਰਹੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਜਲਦੀ ਨਾਲ ਘਰ ਬਦਲਣ ਵਿਚ ਮਦਦ ਕਰਨ ਲਈ ਅਸੀਂ ਕੋਈ ਖ਼ਾਸ ਪ੍ਰਬੰਧ ਕਰੀਏ।

ਇਹ ਜ਼ਰੂਰੀ ਹੈ ਕਿ ਤੁਸੀਂ ਸਾਡੇ ਨਾਲ ਜਲਦੀ ਤੋਂ ਜਲਦੀ ਗੱਲ ਕਰੋ, ਤਾਂ ਕਿ ਅਸੀਂ ਹੋਰਨਾਂ ਤਰੀਕਿਆਂ ਬਾਰੇ ਤੁਹਾਡੇ ਨਾਲ ਗੱਲਬਾਤ ਕਰ ਸਕੀਏ। ਸਾਨੂੰ ਫ਼ੋਨ ਕਰੋ ਜਾਂ ਸਾਡੇ ਦਫ਼ਤਰ ਵਿਚ ਆਓ। ਅਸੀਂ ਤੁਹਾਡੀ ਉਸੇ ਵੇਲੇ ਇੰਟਰਵਿਊ ਕਰਨ ਦਾ ਪ੍ਰਬੰਧ ਕਰਾਂਗੇ। ਜੇਕਰ ਤੁਸੀਂ ਇਸਤਰੀ ਜਾਂ ਮਰਦ ਹੋਣ ਦੇ ਨਾਤੇ ਸਟਾਫ਼ ਦੇ ਇਸਤਰੀ ਜਾਂ ਮਰਦ ਮੈਂਬਰ ਨਾਲ ਹੀ ਇੰਟਰਵਿਊ ਕਰਨੀ ਚਾਹੁੰਦੇ ਹੋ, ਤਾਂ ਕ੍ਰਿਪਾ ਕਰਕੇ ਸਾਨੂੰ ਦੱਸੋ।

ਹੋ ਸਕਦਾ ਹੈ ਕਿ ਅਸੀਂ ਤੁਹਾਡਾ ਹਵਾਲਾ 'ਮੈਨੇਜਮੈਂਟ ਟ੍ਰਾਂਸਫ਼ਰ' ਨੂੰ ਦਈਏ। ਅਜਿਹਾ ਕਰਨ ਨਾਲ ਅਮਰਜੰਸੀ ਦੀ ਹਾਲਤ ਵਿਚ ਜਲਦੀ ਘਰ ਮਿਲ ਜਾਂਦਾ ਹੈ। ਇਕ ਹਾਊਸਿੰਗ ਅਫ਼ਸਰ ਤੁਹਾਨੂੰ ਇਸ ਤਰੀਕੇ ਬਾਰੇ ਸਮਝਾਉਣਗੇ ਅਤੇ ਜੇਕਰ ਢੁੱਕਵਾਂ ਹੋਇਆ, ਤਾਂ ਤੁਹਾਡਾ ਕੇਸ ਸੀਨੀਅਰ ਸਟਾਫ਼ ਦੇ ਇਕ ਪੈਨਲ ਕੋਲ ਭੇਜਣਗੇ।

ਜੇਕਰ ਤੁਸੀਂ ਸਾਨੂੰ ਸਾਰੀ ਲੋੜੀਂਦੀ ਜਾਣਕਾਰੀ ਦੇ ਦਿੰਦੇ ਹੋ, ਤਾਂ ਅਸੀਂ ਕੰਮ ਦੇ 15 ਦਿਨਾਂ ਦੇ ਅੰਦਰ ਅਜਿਹਾ ਕਰਾਂਗੇ। ਜੇਕਰ ਤੁਹਾਡੀਆਂ ਕੋਈ ਖ਼ਾਸ ਲੋੜਾਂ ਹਨ, ਜਿਵੇਂ ਕਿ ਕੋਈ ਗੰਭੀਰ ਡਾਕਟਰੀ ਸਮਸਿਆ ਹੈ ਅਤੇ ਜਾਂ ਜੇਕਰ ਤੁਸੀਂ ਬਹੁਤ ਜ਼ਿਆਦਾ ਲੋਕਾਂ ਨਾਲ ਇੱਕਠੇ ਰਹਿੰਦੇ ਹੋ, ਤਾਂ ਹੋ ਸਕਦਾ ਹੈ ਕਿ ਅਸੀਂ ਤੁਹਾਡਾ ਕੇਸ ਇਕ ਸੋਸ਼ਲ ਵੈਲਫ਼ੇਅਰ ਪੈਨਲ ਨੂੰ ਦਈਏ।

## ਨਵੀਂ ਪ੍ਰਾਪਰਟੀ ਵਿਚ ਜਾਣ ਦੇ ਹੋਰ ਤਰੀਕੇ

*ਹੋਮਸਵਾਪ- (ਕਿਸੇ ਹੋਰ ਨਾਲ ਘਰ ਦਾ ਤਬਾਦਲਾ ਕਰਨਾ)*

ਜੇਕਰ ਤੁਸੀਂ ਕੌਂਸਲ ਦੇ ਕਿਰਾਏਦਾਰ ਹੋ ਜਾਂ ਤੁਹਾਡੇ ਕੋਲ ਸਥਾਈ ਕਿਰਾਏਦਾਰੀ ਹੈ, ਜਿਵੇਂ ਕਿ ਕਿਸੇ ਪ੍ਰਾਈਵੇਟ ਲੈਂਡਲਾਰਡ ਨਾਲ, ਕਿਸੇ ਹੋਰ ਬਾਰੋ ਵਿਚ, ਜਾਂ ਹਾਊਸਿੰਗ ਐਸੋਸੀਏਸ਼ਨ ਨਾਲ ਐਸ਼ੋਰਡ ਟੈਨੰਸੀ (ਪੱਕੀ ਕਿਰਾਏਦਾਰੀ) ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ 'ਹੋਮਸਵਾਪ' ਕਰ ਸਕੋ। ਇਸ ਨੂੰ 'ਆਪਸੀ ਤਬਾਦਲਾ' (Mutual EXchange) ਕਰਨਾ ਕਿਹਾ ਜਾਂਦਾ ਹੈ।

ਇਸ ਦਾ ਮਤਲਬ ਹੈ ਕਿ ਤੁਸੀਂ ਕਿਸੇ ਹੋਰ ਜਣੇ ਨਾਲ ਆਪਣੀ ਪ੍ਰਾਪਰਟੀ ਦਾ ਤਬਾਦਲਾ ਕਰਨ ਲਈ ਸਹਿਮਤ ਹੁੰਦੇ ਹੋ।

ਅਜਿਹਾ ਕਰਨ ਵਿਚ ਕਈ ਬਾਰ ਦੋ ਤੋਂ ਵੱਧ ਘਰ ਸ਼ਾਮਲ ਹੁੰਦੇ ਹਨ।

ਹੋਮਸਵਾਪ ਲਈ ਰਜਿਸਟਰ ਹੋਣ ਵਾਸਤੇ ਤੁਹਾਨੂੰ ਇਕ ਅਰਜ਼ੀ-ਪੱਤਰ ਭਰਨਾ ਪਵੇਗਾ। ਇਹ ਫ਼ਰਾਮ ਹੰਸਲੋ ਹੋਮਜ਼ ਦੇ ਸਥਾਨਕ ਦਫ਼ਤਰਾਂ ਤੋਂ ਮਿਲ ਜਾਂਦੇ ਹਨ।

## ਲਾਅਨ ਸਕੀਮ ( Lawn Scheme)

ਇਹ ਸਕੀਮ ਤੁਹਾਨੂੰ ਲੰਡਨ ਤੋਂ ਬਾਹਰ ਘਰ ਬਦਲਣ ਦਾ ਮੌਕਾ ਦਿੰਦੀ ਹੈ। ਉਹ ਸਥਾਨਕ ਕੌਂਸਲਾਂ ਅਤੇ ਹਾਊਸਿੰਗ ਐਸੋਸੀਏਸ਼ਨਾਂ ਜਿਨ੍ਹਾਂ ਕੋਲ ਅਜਿਹੀ ਰਿਹਾਇਸ਼ ਮੌਜੂਦ ਹੈ, ਇਸ ਸਕੀਮ ਵਿਚ ਭਾਗ ਲੈਂਦੀਆਂ ਹਨ। ਕਈਆਂ ਕੋਲ ਲੰਡਨ ਨਾਲੋਂ ਬਹੁਤ ਜਲਦੀ ਮਿਲ ਸਕਣ ਵਾਲੇ ਗਾਰਡਨ ਸਮੇਤ ਘਰ ਮੌਜੂਦ ਹਨ। ਪਰ ਅਜਿਹੀਆਂ ਪ੍ਰਾਪਰਟੀਆਂ ਕਾਫ਼ੀ ਦੂਰ ਹਨ, ਮਿਸਾਲ ਵਜੋਂ ਮਿਡਲੈਂਡਜ਼, ਸਕਾਟਲੈਂਡ ਅਤੇ ਵੇਲਜ਼ ਵਿਚ। ਇਸ ਕਰਕੇ ਤੁਹਾਨੂੰ ਇਸ ਗੱਲ ਦਾ ਪੱਕਾ ਪਤਾ ਹੋਣਾ ਜ਼ਰੂਰੀ ਹੈ ਕਿ ਤੁਸੀਂ ਸੱਚ-ਮੁੱਚ ਹੀ ਘਰ ਬਦਲਣਾ ਚਾਹੁੰਦੇ ਹੋ, ਕਿਉਂਕਿ ਜੇਕਰ ਤੁਸੀਂ ਘਰ ਦਾ ਤਬਾਦਲਾ ਕਰ ਲਿਆ ਅਤੇ ਬਾਅਦ ਵਿਚ ਤੁਹਾਨੂੰ ਅੱਛਾ ਨਾ ਲੱਗਾ, ਤਾਂ ਫ਼ੇਰ ਮੁੜ ਕੇ ਵਾਪਸ ਲੰਡਨ ਵਿਚ ਆਉਣਾ ਕਾਫ਼ੀ ਔਖਾ ਹੋਵੇਗਾ।

ਜੇਕਰ ਤੁਸੀਂ ਘਰ ਬਦਲੀ ਕਰਨਾ ਚਾਹੁੰਦੇ ਹੋ, ਤਾਂ ਕ੍ਰਿਪਾ ਕਰਕੇ ਆਪਣੇ ਇਲਾਕੇ ਦੇ ਹਾਊਸਿੰਗ ਆਫ਼ਿਸ ਨੂੰ ਫ਼ੋਨ ਕਰੋ ਅਤੇ ਤੁਹਾਨੂੰ ਇਸ ਸਕੀਮ ਬਾਰੇ ਜਾਣਕਾਰੀ ਭੇਜੀ ਜਾਏਗੀ।

ਤੁਸੀਂ ਲਾਅਨ ਦੇ ਇਸ ਵੈੱਬਸਾਈਟ ਦੇ ਪਤੇ 'ਤੇ ਵੀ ਜਾ ਸਕਦੇ ਹੋ: www.lawn.org.uk

## ਟ੍ਰੇਡਿੰਗ ਪਲੇਸਿਜ਼

ਇਸ ਸਕੀਮ ਵਿਚ ਵੱਡੀ ਪ੍ਰਾਪਰਟੀ ਵਾਲੇ ਕਿਰਾਏਦਾਰ, ਜਿਨ੍ਹਾਂ ਨੂੰ ਵਾਧੂ ਕਮਰਿਆਂ ਦੀ ਹੁਣ ਲੋੜ ਨਹੀਂ ਹੈ, ਛੋਟੇ ਘਰ ਵਿਚ ਬਦਲੀ ("Trade down") ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਘਰ ਖਾਲ੍ਹੀ ਕਰਨ ਸਮੇਂ ਕੁਝ ਇਕੱਠੇ ਪੈਸੇ ਮਿਲਦੇ ਹਨ। ਹੋਰ ਜਾਣਕਾਰੀ ਅਤੇ ਅਰਜ਼ੀ-ਪੱਤਰ ਲਈ ਆਪਣੇ ਸਥਾਨਕ ਇਲਾਕੇ ਦੇ ਦਫ਼ਤਰ ਨਾਲ ਸੰਪਰਕ ਕਰੋ।

## ਸ਼ੈਲਟਰਡ ਹਾਊਸਿੰਗ

ਸਾਰੀ ਬਾਰੋ ਵਿਚ ਅਜਿਹੀਆਂ ਕਈ ਸਕੀਮਾਂ ਮੌਜੂਦ ਹਨ, ਜੋ 60 ਸਾਲ ਤੋਂ ਉਪਰ ਦੀ ਉਮਰ ਦੇ ਲੋਕਾਂ ਨੂੰ ਆਜ਼ਾਦੀ ਨਾਲ ਰਹਿਣ ਵਾਸਤੇ ਅਤੇ ਸ਼ੈਲਟਰਡ ਹਾਊਸਿੰਗ ਮੈਨੇਜਰ ਦੀ ਸੁਰੱਖਿਆ ਹੇਠ ਅੱਛੀ ਰਿਹਾਇਸ਼ ਮੁਹਈਆ ਕਰਦੇ ਹਨ। ਸ਼ੈਲਟਰਡ ਹਾਊਸਿੰਗ ਬਾਰੇ ਹੋਰ ਜਾਣਕਾਰੀ ਲੈਣ ਲਈ ਆਪਣੇ ਹਾਊਸਿੰਗ ਅਫ਼ਸਰ ਨਾਲ ਗੱਲ ਕਰੋ।

## ਲਾਭਕਾਰੀ ਸੰਪਰਕ ਪਤੇ

**ਹੰਸਲੋ ਹੋਮਜ਼**

**ਸੈਂਟਰਲ ਏਰੀਆ – ਹੰਸਲੋ ਅਤੇ ਆਈਜ਼ਲਵਰਥ ਅਤੇ ਹੈਸਟਨ/ਕਰੈਨਫ਼ਰਡ**

ਟੈਲੀਫ਼ੋਨ: 020 8583 4382

ਮਿਨੀਕਾਮ: 020 8583 3959

ਸਿਵਿਕ ਸੈਂਟਰ, ਲੈਂਪਟਨ ਰੋਡ, ਹੰਸਲੋ
The Civic Centre, Lampton Road,
Hounslow TW3 4DN
ਈਮੇਲ: info.housingcentral@hounslowhomes.org.uk

**ਈਸਟ ਏਰੀਆ – ਚਿਜ਼ਿਕ ਅਤੇ ਬਰੈਂਟਫ਼ਰਡ**

ਟੈਲੀਫ਼ੋਨ: 020 8583 4220

ਮਿਨੀਕਾਮ: 0208 8583 4390

**ਚਿਜ਼ਿਕ ਟਾਊਨ-ਹਾਲ, ਹੀਥਫ਼ੀਲਡ ਟੈਰੇਸ, ਚਿਜ਼ਿਕ**
Chiswick Town Hall, Heathfield Terrace,
Chiswick W4 4JE

ਜਾਂ

**58 – 59 ਬਰੈਂਟਫ਼ਰਡ ਹਾਈ ਸਟ੍ਰੀਟ, ਬਰੈਂਟਫ਼ਰਡ**

58 -59 Brentford High Street,
Brentford TW8 0AH
ਈਮੇਲ: info.housingeast@hounslowhomes.org.uk

**ਵੈਸਟ ਏਰੀਆ – ਹੈਨਵਰਥ, ਫ਼ੈਲਥਮ ਅਤੇ ਬੈੱਡਫ਼ੌਂਟ**

ਟੈਲੀਫ਼ੋਨ: 020 8583 4383
ਮਿਨੀਕਾਮ: 0208 8583 4387

**ਸੇਂਟ ਕੈਥਰਿਨ ਹਾਊਸ, 2 ਹੈਨਵਰਥ ਰੋਡ, ਫ਼ੈਲਥਮ**

St.Catherine’s House, 2 Hanworth Road,
TW13 5AB Feltham
ਈਮੇਲ: info.housingwest@hounslowhomes.org.uk

## ਲੰਡਨ ਬਾਰੋ ਆਫ਼ ਹੰਸਲੋ

**ਹੋਮਲੈੱਸ ਪਰਸਨਜ਼ ਯੂਨਿਟ**

Homeless Persons Unit
The London Borough of Hounslow
The Civic Centre, Lampton Road,
Hounslow TW3 4DN

**ਰੀ–ਹਾਊਸਿੰਗ ਯੂਨਿਟ**

Rehousing Unit
The London Borough of Hounslow
The Civic Centre, Lampton Road,
Hounslow TW3 4DN

ਜੇਕਰ ਤੁਸੀਂ ਇਕ ਘਰ ਲੱਭ ਰਹੇ ਹੋ, ਤਾਂ ਕ੍ਰਿਪਾ ਕਰਕੇ ਇਸ ਨੰਬਰ 'ਤੇ ਫ਼ੋਨ ਕਰੋ: 020 8583 4525

## ਤੁਹਾਡੇ ਸੰਪਰਕ ਪਤੇ

..............................................................................................................
..............................................................................................................
..............................................................................................................
..............................................................................................................
..............................................................................................................
..............................................................................................................
..............................................................................................................
..............................................................................................................
..............................................................................................................
..............................................................................................................
..............................................................................................................
..............................................................................................................